ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਪ੍ਰਧਾਨਗੀ ਹੇਠ ਮਿਤੀ 17-06-2010 ਨੂੰ 10-00 ਵਜੇ ਉਹਨਾਂ ਦੇ ਦਫਤਰ ਦੇ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਦਸਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਮੈਬਰ ਹਾਜਰ ਹੋਏ :-

1) ਸ੍ਰੀ ਕੇ.ਬੀ.ਐਸ.ਸਿੱਧੂ, ਆਈ.ਏ.ਐਸ
ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ ।

2) ਸ੍ਰੀ ਐਸ.ਐਸ.ਸੰਧੂ, ਆਈ ਏ ਐਸ,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

3) ਸ੍ਰੀਮਤੀ ਕਵਿਤਾ ਮੋਹਨ ਸਿੰਘ ਚੋਹਾਨ, ਆਈ ਏ ਐਸ,
ਨੁਮਾਇੰਦਾ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ ।

4) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ।

5) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਮੱਦ ਨੰ:10.1**
**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਨੌਵੀਂ ਮੀਟਿੰਗ ਜੋ ਮਿਤੀ 9.04.2010 ਨੂੰ ਹੋਈ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵਲੋਂ ਕਾਰਵਾਈ ਦੀ ਪੁਸਟੀ ਕੀਤੀ ਗਈ।

**ਮੱਦ ਨੰ:10.2**
**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 9.04.2010 ਨੂੰ ਹੋਈ ਨੌਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।**

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਮੱਦ ਨੰ:10.3**
**ਚੱਪੜ ਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਮੈਮੋਰੀਅਲ ਸਥਾਪਿਤ ਕਰਨ ਹਿਤ ਅਧਿਗ੍ਰਹਿਣ ਕੀਤੀ ਜਾ ਰਹੀ ਜਮੀਨ ਦੇ ਮੁਆਵਜੇ ਸਬੰਧੀ ।**

ਪ੍ਰਵਾਨ ਹੈ।

Scanned by CamScanner

**ਮੱਦ ਨੰ:10.4**

**ਇੰਟੈਲੀਜੈਂਸ ਵਿੰਗ ਲਈ ਸਹਿਰੀ ਮਿਲਖ ਐਸ.ਏ.ਐਸ.ਨਗਰ ਵਿਖੇ 500 ਵ:ਗ: ਦਾ ਪਲਾਟ ਅਲਾਟ ਕਰਨ ਬਾਰੇ ।**

ਪ੍ਰਵਾਨ ਹੈ।

**ਮੱਦ ਨੰ:10.5**

**ਕੋ-ਆਪ੍ਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਵਲੋਂ ਦੇਰੀ ਨਾਲ ਜਮ੍ਹਾਂ ਕਰਵਾਈ ਰਕਮ ਦੀ ਦੇਰੀ ਨੂੰ ਕੰਡੋਨ ਕਰਨ ਬਾਰੇ ।**

ਵਿਚਾਰ ਕਰਨ ਉਪਰੰਤ ਕਾਰਜਕਾਰੀ ਕਮੇਟੀ ਨੇ ਫੈਸਲਾ ਕੀਤਾ ਕਿਉਕਿ ਰਕਮ ਦੀ ਅਦਾਇਗੀ ਦੀ ਆਖਰੀ ਮਿਤੀ ਨੂੰ ਸਰਕਾਰੀ ਛੁੱਟੀ ਸੀ ਇਸ ਕਰਕੇ ਰਕਮ ਅਗਲੇ ਕੰਮ ਵਾਲੇ ਦਿਨ ਬਿਨਾਂ ਵਿਆਜ ਸਰਚਾਰਜ,ਪਨੈਲਟੀ ਆਦਿ ਵਸੂਲੇ ਪ੍ਰਵਾਨ ਕਰ ਲਈ ਜਾਵੇ । ਇਹ ਫੈਸਲਾ ਅੱਗੇ ਤੋ ਰਿਹਾਇਸੀ ਪਲਾਟਾਂ/ਮਕਾਨਾਂ/ਕਮਰਸੀਅਲ ਸਾਈਆਂ ਅਤੇ ਇਸਟੀਚਿਊਸਨਲ ਸਾਈਆਂ ਆਦਿ ਸਾਰੇ ਕੇਸਾਂ ਵਿਚ ਲਾਗੂ ਹੋਵੇਗਾ। ਕਾਰਜਕਾਰੀ ਕਮੇਟੀ ਨੇ ਇਹ ਵੀ ਫੈਸਲਾ ਕੀਤਾ ਕਿ ਅੱਗੇ ਤੋਂ ਐਲ.ਓ.ਆਈ/ਅਲਾਟਮੈਂਟ ਪੱਤਰ ਜਾਰੀ ਕਰਨ ਲੱਗਿਆ ਰਕਮ ਜਮ੍ਹਾ ਕਰਵਾਉਣ ਦੀ ਆਖਰੀ ਮਿਤੀ ਜੋ ਕੰਮ ਵਾਲਾ ਦਿਨ ਹੋਵੇ ਹੀ ਲਿਖੀ ਜਾਵੇ।

**ਮੱਦ ਨੰ:10.6**

**ਐਸ.ਏ.ਐਸ.ਨਗਰ ਵਿਖੇ ਕਬਰਸਤਾਨ ਦੀ ਸਾਈਟ ਦੇਣ ਬਾਰੇ।**

ਪ੍ਰਵਾਨ ਹੈ।

**ਮੱਦ ਨੰ:10.7**

**ਮੁੱਲਾਂਪੁਰ ਪਲੈਨਿੰਗ ਏਰੀਏ ਦਾ ਸਰਵੇ ਕਰਵਾਉਣ ਸਬੰਧੀ।**

ਪ੍ਰਵਾਨ ਹੈ।

**ਮੱਦ ਨੰ:10.8**

**ਮੇਜਰ ਰੋਡ ਪ੍ਰੋਜੈਕਟਾਂ ਵਿਚੋਂ 2 ਪ੍ਰੋਜੈਕਟਾਂ ਦੀ ਉਸਾਰੀ ਦੇ ਕੰਮਾਂ ਲਈ ਐਮ.ਓ.ਆਰ.ਟੀ.ਐਚ./ਡਾਟਾ ਬੁੱਕ ਦੇ ਅਧਾਰ ਤੇ ਮਸੀਨਰੀ ਦੇ ਰੇਟ ਅਡਾਪਟ ਕਰਨ ਸਬੰਧੀ।**

ਪ੍ਰਵਾਨ ਹੈ।

**ਮੱਦ ਨੰ:10.9**

**ਐਸ.ਏ.ਐਸ.ਨਗਰ ਵਿਖੇ ਸੈਕਟਰ-56-ਏ ਤੋਂ ਪਿੰਡ ਝੁੰਗੀਆਂ ਤੱਕ ਐਨ ਐਚ-21 ਉਪਰੰਤ ਪਿੰਡ ਝੁੰਗੀਆਂ ਐਨ ਐਚ-95 ਤੱਕ ਖਰੜ ਬਾਈਪਾਸ ਦੀ ਉਸਾਰੀ ਬਾਰੇ।**

ਅਜੰਡੇ ਵਿਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ । ਕਾਰਜਕਾਰੀ ਕਮੇਟੀ ਨੇ ਇਹ ਨੋਟ ਕੀਤਾ ਕਿ ਇਹ ਵੱਡਾ ਪ੍ਰੋਜੈਕਟ ਹੋਣ ਕਰਕੇ ਫੰਡਜ ਦੀ ਜਿਆਦਾ ਲੋੜ ਹੈ । ਇਸ ਪ੍ਰੋਜੈਕਟ ਦੇ ਆਉਣ ਨਾਲ ਆਲੇ ਦੁਆਲੇ ਦਾ ਸਮੁੱਚਾ ਏਰੀਆ ਉਸਾਰੀ ਲਈ ਤੁਰੰਤ ਖੁੱਲਾ ਹੋ ਜਾਵੇਗਾ ਅਤੇ

Scanned by CamScanner

ਏਰੀਏ ਵਿਚ ਪੈਂਦੀ ਭੌਂ ਦੀ ਕੀਮਤ ਵੀ ਵਧੇਗੀ । ਸੜਕ ਦੇ ਆਲੇ-ਦੁਆਲੇ ਅਣ-ਅਧਿਕਾਰਿਤ/ਗੈਰ ਪ੍ਰਵਾਨਤ ਉਸਾਰੀ ਹੋਣ ਦਾ ਖਦਸਾ ਵੀ ਹੋਵੇਗਾ । ਕਾਰਜਕਾਰੀ ਕਮੇਟੀ ਨੇ ਇਹ ਵੀ ਮਹਿਸੂਸ ਕੀਤਾ ਕਿ ਚੰਡੀਗੜ੍ਹ ਪੈਰਾਫੇਰੀ ਦੇ ਨਾਲ ਲਗਦੇ ਏਰੀਏ ਵਿਚ ਰਿਹਾਇਸੀ ਪਲਾਟਾਂ ਦੀ ਬਹੁਤ ਜਿਆਦਾ ਮੰਗ ਹੈ । ਇਹਨਾਂ ਪਹਿਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਕਾਰਜਕਾਰੀ ਕਮੇਟੀ ਨੇ ਫੈਸਲਾ ਕੀਤਾ ਕਿ ਸਹਿਰੀ ਮਿਲਖ ਦੀ ਉਸਾਰੀ ਲਈ ਗਮਾਡਾ ਇਸ ਏਰੀਏ ਵਿਚ ਹੋਰ ਜਿਅਦਾ ਭੌਂ ਪ੍ਰਾਪਤ ਕਰਕੇ ਇੱਕ ਸਹਿਰੀ ਮਿਲਖ ਦੀ ਸਥਾਪਨਾ ਕਰੇ ਤਾਂ ਜੋ ਰੋਡ ਪ੍ਰੋਜੈਕਟ ਦੀ ਕੀਮਤ ਨੂੰ ਕਵਰ ਕੀਤਾ ਜਾ ਸਕੇ ।

<u>ਮੱਦ ਨੰ:10.10</u>

**ਐਸ.ਏ.ਐਸ.ਨਗਰ ਵਿਖੇ ਜੰਕਸਨ ਸੈਕਟਰ-73/74, ਸੈਕਟਰ-118/119 ਤੋਂ ਲੋਕਲ ਪਲੈਨਿੰਗ ਏਰੀਆ ਬਾਊਂਡਰੀ ਦੇ ਅੰਤ ਤੱਕ ਪਿੰਡ ਮਾਨਣਾ ਸੈਕਟਰ 122/123 ਤੱਕ 200/150 ਫੁੱਟ ਚੌੜੀ ਸੜਕ ਦੀ ਉਸਾਰੀ ਬਾਰੇ ।**

ਕਾਰਜਕਾਰੀ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਏਅਰਪੋਰਟ ਦੀਆਂ ਐਕਸਸ ਰੋਡਜ ਦੇ ਨਾਲ ਪਿੰਡ ਬਲੌਮਾਜਰਾ (ਮਿਊਸਿਪਲ ਕੌਸਲ ਖਰੜ) ਤੋ ਲੈਕੇ ਇੰਡਸਟਰੀਅਲ ਸੈਕਟਰ 73-74 ਤੱਕ ਸੜਕ ਬਣਾਉਣ ਲਈ ਅਤੇ ਇਸਦੇ ਨਾਲ ਮਿਕਸਡ ਲੈਂਡ ਭੌਂ ਪ੍ਰਾਪਤ ਕਰਨ ਲਈ ਸਰਕਾਰ ਵੱਲੋ ਸੈਕਸਨ 4 ਅਤੇ 6 ਦੇ ਤਹਿਤ ਨੋਟੀਫੀਕੇਸਨ ਜਾਰੀ ਕਰ ਦਿੱਤੇ ਗਏ ਸਨ । ਪ੍ਰੰਤੂ ਲਿਟੀਗੇਸਨ ਅਤੇ ਕੋਰਟ ਦਾ ਸਟੇਅ ਹੋਣ ਕਰਕੇ ਇਸ ਪ੍ਰੋਜੈਕਟ ਦੀ ਭੌਂ ਹੁਣ ਤੱਕ ਪ੍ਰਾਪਤ ਨਹੀ ਕੀਤੀ ਜਾ ਸਕੀ । ਕਮੇਟੀ ਵੱਲੋ ਇਹ ਵੀ ਨੋਟ ਕੀਤਾ ਗਿਆ ਕਿ ਲਿਟੀਗੇਸਨ ਲੰਬੇ ਸਮੇਂ ਤੱਕ ਚੱਲ ਸਕਦੀ ਹੈ ਜਿਸ ਕਰਕੇ ਇਹ ਪ੍ਰੋਜੈਕਟ ਲੰਬੇ ਸਮੇਂ ਤੱਕ ਲਮਕ ਅਵਸਥਾ ਵਿਚ ਰਹਿ ਸਕਦਾ ਹੈ । ਉਪਰੋਕਤ ਦੇ ਮੱਦੇ ਨਜਰ ਕਾਰਜਕਾਰੀ ਕਮੇਟੀ ਵੱਲੋ ਅਜੰਡੇ ਵਿਚ ਦਿੱਤੀ ਗਈ ਤਜਵੀਜ ਤੇ ਵਿਚਾਰ ਕੀਤਾ ਗਿਆ ਅਤੇ ਇਹ ਨੋਟ ਕੀਤਾ ਗਿਆ ਕਿ ਸੈਕਟਰ 73-74 ਦੀ ਵੰਡਦੀ ਸੜਕ ਤੋ ਲੈਕੇ ਸੈਕਟਰ 118-119/ 74-ਏ- 117 ਦੇ ਚੌਕ ਤੱਕ ਦੇ ਪ੍ਰਾਪਤ ਕੀਤੇ ਜਾਣ ਵਾਲੇ ਰਕਬੇ ਵਿਚ ਕੋਈ ਸਟੇਅ ਨਹੀ ਹੈ।ਜਿਸ ਕਰਕੇ ਇਸ ਭੌਂ ਨੂੰ ਪ੍ਰਾਪਤ ਕਰਨ ਵਿਚ ਕੋਈ ਕਾਨੂੰਨੀ ਅੜਚਣ ਨਹੀ ਹੇ । ਇਸ ਕਰਕੇ ਇਸ ਰਕਬੇ ਨੂੰ ਇਸ ਸਮੇਂ ਐਕਵਾਇਰ ਕੀਤਾ ਜਾ ਸਕਦਾ ਹੈ ਅਤੇ ਸੈਕਟਰ 118-119/74 ਏ-117 ਦੇ ਚੌਕ ਤੋ ਨੈਸਨਲ ਹਾਈਵੇ-21 (ਬੱਲੋਮਾਜਰਾ) ਤੱਕ ਦੇ ਬਾਕੀ ਬਚੇ ਰਕਬੇ ਨੂੰ ਲਿਟੀਗੇਸਨ ਸਮਾਪਤ ਹੋਣ ਉਪਰੰਤ ਐਕਵਾਇਰ ਕੀਤਾ ਜਾ ਸਕਦਾ ਹੈ । ਇਸਦੇ ਨਾਲ ਹੀ ਜੇਕਰ ਅਜੰਡੇ ਵਿਚ ਫੇਜ 1 ਵਿਚ ਦਿੱਤੀ ਗਈ ਤਜਵੀਜ ਨੂੰ ਅਮਲ ਵਿਚ ਲਿਆਂਦਾ ਜਾਂਦਾ ਹੈ ਤਾਂ ਹਾਲ ਦੀ ਘੜੀ ਨੈਸਨਲ ਹਾਈਵੇ-21 ਨਾਲ ਮੋਹਾਲੀ ਏਅਰਪੋਰਟ ਦੀ ਕਨੈਕਟੀਵਿਟੀ ਸਥਾਪਤ ਹੋ ਸਕਦੀ ਹੈ । ਕਾਰਜਕਾਰੀ ਕਮੇਟੀ ਵੱਲੋ ਉਪਰੋਕਤ ਅਨੁਸਾਰ ਅਜੰਡੇ ਵਿਚ ਦਿੱਤੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ ।

<u>ਮੱਦ ਨੰ:10.11</u>

**ਸੈਕਟਰ-60/70 ਅਤੇ 60/71 ਨੂੰ ਵੰਡਦੀ ਸੜਕ ਤੋਂ 66 ਕੇ.ਵੀ. ਓਵਰਹੈਡ ਲਾਈਨ ਸਿਫਟ ਕਰਕੇ ਉਸਦੀ ਜਗ੍ਹਾ ਅੰਡਰ ਗਰਾਊਂਡ ਕੇਬਲ ਪਾਉਣ ਬਾਰੇ।**

ਪ੍ਰਵਾਨ ਹੈ ।

**ਮੁੱਖ ਸਕੱਤਰ-ਕਮ-ਚੇਅਰਮੈਨ**
**ਕਾਰਜਕਾਰੀ ਕਮੇਟੀ, ਗਮਾਡਾ**
**ਮੋਹਾਲੀ ।**

Scanned by CamScanner